# ਸ਼੍ਰੀ ਗੁਰੂ ਦਕਸ਼ਿਣਾ ਕਾਰਜਕ੍ਰਮ - ਬੌਧਿਕ ਬਿੰਦੂ

***ਗੁਰੂ ਸ਼ਿਸ਼ ਪਰੰਪਰਾ ਵਾਲਾ ਦੇਸ਼***

**(5 ਮਿੰਟ )**

* ਸਤਿਯੁਗ - ਦੇਵਾਂ ਦੇ ਗੁਰੂ ਬ੍ਰਿਹਸਪਤੀ, ਤ੍ਰੇਤਾ ਯੁਗ  - ਸ਼੍ਰੀ ਰਾਮ ਚੰਦਰ ਦੇ ਗੁਰੂ ਵਸ਼ਿਸ਼ਠ , ਦਵਾਪਾਰ ਯੁਗ - ਸ਼੍ਰੀ ਕ੍ਰਿਸ਼ਨ ਦੇ ਗੁਰੂ ਸੰਦੀਪਨੀ

* ਬਾਲਕ ਚੰਦਰਗੁਪਤ ਨੂੰ ਸਮਰਾਟ ਬਣਾਉਣ ਵਾਲੇ ਗੁਰੂ ਚਾਣਕਯ

* ਸਨਾਤਨ ਧਰਮ ਮੁੜ ਸਥਾਪਨਾ ਵਾਲੇ ਆਦਿ ਸ਼ੰਕਰਾਚਾਰਿਆ

* ਸ਼ਿਵਾਜੀ ਨੂੰ ਥਾਪੜਾ ਦੇ ਕੇ ਹਿੰਦਵੀ ਸਾਮਰਾਜ ਬਣਵਾਉਣ ਵਾਲੇ ਗੁਰੂ ਕੋਂਡਦੇਵ ਅਤੇ ਸਮਰਥ ਗੁਰੂ ਰਾਮਦਾਸ

* ਸਾਡਾ ਸਮਾਜ ਗੁਰੂ ਨਾਨਕ ਦੇਵ ਜੀ ਦੇ ਥਾਪੇ ਗੁਰੂ ਘਰ ਵਿੱਚ ਦਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਵਿੱਚ ਜੀਣ ਵਾਲਾ ਸਮਾਜ

* ਜਿੱਥੇ ਗੁਰੂ ਸਾਹਿਬਾਨਾਂ ਤੇ ਤੱਤੀ ਤਵੀ ਤੇ ਬੈਠ , ਚਾਂਦਨੀ ਚੌਂਕ ਵਿੱਚ ਸੀਸ ਕਟਾ ਅਤੇ ਸਰਬੰਸ ਵਾਰ ਕੇ ਆਪਣਾ ਧਰਮ ਨਿਭਾਇਆ , ਉੱਥੇ ਪੰਜ ਪਿਆਰਿਆਂ , ਚਾਰ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ ਅਤੇ ਲੱਖਾਂ ਧਰਮ ਅਨੁਯਾਈਆਂ ਨੇ ਆਪਣਾ ਜੀਵਨ ਵਾਰ ਕੇ ਗੁਰੂ ਵਚਨ ਪੁਗਾਏ

***ਡਾ. ਸਾਹਿਬ ਦਾ ਜੀਵਨ ਅਤੇ ਭਗਵਾ ਧਵਜ***

**(10 ਮਿੰਟ )**

* 1 ਅਪ੍ਰੈਲ 1889 ਨੂੰ ਨਾਗਪੁਰ ਵਿਖੇ ਜਨਮ

* ਤੀਸਰੀ ਕਲਾਸ ਵਿੱਚ ਪੜ੍ਹਦਿਆਂ ਰਾਣੀ ਵਿਕਟੋਰੀਆ ਦੀ ਤਾਜਪੋਸ਼ੀ ਦੀ ਮਿਠਾਈ ਕੂੜੇਦਾਨ ਵਿੱਚ ਸੁੱਟੀ

* ਅੰਗਰੇਜ਼ ਅਫ਼ਸਰ ਦਾ ਵੰਦੇ ਮਾਤਰਮ ਨਾਲ ਸਵਾਗਤ ਕਰਨ ਤੇ ਸਕੂਲ ਨਿਕਾਲਾ

* ਡਾਕਟਰੀ ਪੜ੍ਹਨ ਕਲਕੱਤਾ ਮੈਡੀਕਲ ਕਾਲਜ ਗਏ , ਕ੍ਰਾਂਤੀਕਾਰੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਅਨੁਸ਼ੀਲਨ ਸਮਿਤੀ ਦੇ ਮੈਂਬਰ ਬਣੇ ਅਤੇ ਬੰਬ ਬਣਾਉਣ ਵਾਲੇ ਦਸਤੇ ਵਿੱਚ ਕੰਮ ਕੀਤਾ

* 1917 ਵਿੱਚ ਡਾਕਟਰੀ ਪੂਰੀ ਕਰ ਨਾਗਪੁਰ ਪਰਤੇ ਅਤੇ ਦੇਸ਼ ਦੀ ਆਜ਼ਾਦੀ ਦੇ ਕੰਮ ਲੱਗੇ , ਕਾਂਗਰਸ ਦੇ ਮੈਂਬਰ ਬਣੇ ਅਤੇ ਅਸਹਿਯੋਗ ਅੰਦੋਲਨ ਵਿੱਚ ਹਿੱਸਾ ਲੈਕੇ ਦੇਸ਼ ਵਿਆਪੀ ਭ੍ਰਮਣ ਕਰਕੇ ਆਜ਼ਾਦੀ ਦੀ ਅਲਖ ਜਗਾਈ , ਪਰਿਨਾਮਸਰੂਪ 9 ਮਹੀਨੇ ਤੋਂ ਵੱਧ ਜੇਲ ਕੱਟੀ

* ਖ਼ਿਲਾਫ਼ਤ ਅੰਦੋਲਨ ਦੇ ਸਹਿਯੋਗ , ਤੁਸ਼ਟੀਕਰਨ ਅਤੇ ਅਸਹਿਯੋਗ ਅੰਦੋਲਨ ਦੀ ਅਸਮੇਂ ਵਾਪਸੀ ਨੇ ਕਾਂਗਰਸ ਤੋਂ ਮੋਹ ਭੰਗ ਕਰ ਦਿੱਤਾ

* ਲੰਮੇ ਚਿੰਤਨ ਤੋਂ ਬਾਅਦ ਰਾਸ਼ਟ੍ਰੀਯ ਸ੍ਵਯਮਸੇਵਕ ਸੰਘ ਦੀ ਸਥਾਪਨਾ ਕੀਤੀ

* ਸਦੀਵੀ ਮਾਰਗਦਰਸ਼ਨ ਲਈ ਗੁਰੂ ਦੀ ਜ਼ਰੂਰਤ ਦਾ ਸ੍ਵਯਮਸੇਵਕਾਂ ਨਾਲ ਵਿਚਾਰ ਕੀਤਾ ਅਤੇ ਭਗਵਾ ਧਵਜ ਨੂੰ ਗੁਰੂ ਦਾ ਸਥਾਨ ਦਿੱਤਾ

* ਭਗਵਾ ਧਵਜ - ਸੂਰਜ ਦੀ ਲਾਲਿਮਾ, ਸਨਾਤਨ ਦੇ ਅਨੰਤ ਜੀਵਨ ਦਾ ਪ੍ਰੇਰਕ , ਪਵਿੱਤਰਤਾ ਅਤੇ ਬਲਿਦਾਨ ਦਾ ਪ੍ਰਤੀਕ, ਯੁਗਾਂ-2 ਤੋਂ ਸਰਵ-ਸਪਰਸ਼ੀ ਅਤੇ ਸਰਬ -ਵਿਆਪੀ ਧਵਜ , ਹਰ ਮਤ , ਪੰਥ ਅਤੇ ਖੇਤਰ ਵਿੱਚ ਸਵੀਕਾਰਿਆ ਅਤੇ ਪੂਜਨੀਕ  - ਹਰ ਪੱਖੋਂ ਰਾਸ਼ਟਰ ਗੁਰੂ

**<u>*ਸੰਘ ਕਾਰਜ ਅਤੇ ਦੇਸ਼ ਦੀ ਅਖੰਡਤਾ ਨੂੰ ਖ਼ਤਰੇ*</u>**

**(20 ਮਿੰਟ )**

* ਰਾਸ਼ਟਰਭਗਤੀ ਨਾਲ ਓਤਪੋਤ ਸਵਯੰਸੇਵਕ ਮੁੱਢ ਤੋਂ ਹੀ ਦੇਸ਼ ਦੀ ਅਖੰਡਤਾ ਦੀ ਜੀਵਨ ਵਾਰਦੇ ਰਹੇ

* 1947 ਦੀ ਵੰਡ ਵੇਲੇ ਪੰਜਾਬ ਅਤੇ ਸਰਹੱਦੀ ਸੂਬਿਆਂ ਦੀ ਰਾਖੀ ਲਈ ਲੜੇ

* 1948 ਵਿੱਚ ਕਸ਼ਮੀਰ ਵਿੱਚ ਭਾਰਤੀ ਫੌਜ ਨਾਲ ਮੋਢੇ ਨਾਲ ਮੋਢਾ ਲਾਇਆ, 1962 ਦੇ ਚੀਨ ਯੁੱਧ ਅਤੇ 1965 ਦੀ ਲੜਾਈ ਵਿੱਚ ਅਹਿਮ ਯੋਗਦਾਨ ਪਾਇਆ

* ਗੋਆ ਦੀ ਆਜ਼ਾਦੀ ਅਤੇ ਦਾਦਰ ਨਗਰ ਹਵੇਲੀ ਲਈ ਹਥਿਆਰਬੰਦ ਅੰਦੋਲਨ ਕੀਤਾ

* ਹਰ ਵੱਡੀ ਲੜਾਈ ਵਿੱਚ ਸੰਘ ਨੇ ਫੌਜੀਆਂ ਦੀ ਮਦਦ ਅਤੇ ਅੰਦਰੂਨੀ ਪ੍ਰਸ਼ਾਸਨਿਕ ਵਿਵਸਥਾ ਸੰਭਾਲ ਕੇ ਸੇਵਾ ਨਿਭਾਈ

ਇਹ ਸਭ ਪ੍ਰਤੱਖ ਲੜਾਈਆਂ ਸਨ ਜੋ ਸਮੇਂ ਨਾਲ ਜਿੱਤ ਲਈਆਂ ਗਈਆਂ, ਪਰ ਦੇਸ਼ ਸਦੀਆਂ ਤੋਂ ਲਗਾਤਾਰ ਅਪ੍ਰਤੱਖ ਲੜਾਈਆਂ ਵੀ ਲੜ ਰਿਹਾ ਹੈ

ਧਰਮ ਪਰਿਵਰਤਨ  - ਆਪਣੇ ਹੀ ਦੇਸ਼ ਦੇ 7 ਰਾਜਾਂ ਵਿੱਚ ਹਿੰਦੂ ਅਲਪ ਸੰਖਿਆ ਤੱਕ ਪਹੁੰਚ ਗਿਆ

ਧਿਆਨ ਨਾਲ ਵੇਖੀਏ ਤਾਂ ਭਾਰਤ ਦੇ ਚਾਰੋਂ ਕੋਨੇ ਰਾਸ਼ਟਰ ਵਿਰੋਧੀ ਧਾਰਾਵਾਂ ਵੱਲ ਵਧ ਰਹੇ ਹਨ

**ਡੈਮੋਗ੍ਰਾਫ਼ਿਕ ਬਦਲਾਵ**

ਇਸਲਾਮੀ ਪ੍ਰਭਾਵ  - ਕਸ਼ਮੀਰ, ਕੇਰਲਾ , ਬੰਗਾਲ ਅਤੇ ਅਸਾਮ

ਈਸਾਈ ਪ੍ਰਭਾਵਿਤ - ਨੌਰਥ ਈਸਟ , ਛੱਤੀਸਗੜ , ਝਾਰਖੰਡ

ਪਲਾਇਨ  - ਹਿਮਾਚਲ ਤੇ ਉੱਤਰਾਖੰਡ

**ਨਕਸਲਵਾਦ**  - ਮਾਓਵਾਦੀ ਸਾਜਿਸ਼ਾਂ ਨੇ ਬਿਹਾਰ ਤੋਂ ਲੈਕੇ ਝਾਰਖੰਡ, ਛੱਤੀਸਗੜ ,ਕਰਨਾਟਕ ਤੱਕ ਦੇਸ਼ ਵਿਰੋਧੀ ਸੰਘਰਸ਼ ਛੇੜਿਆ ਹੋਇਆ ਹੈ

**ਵੱਖਵਾਦ ਪ੍ਰਭਾਵਿਤ** -

ਪੰਜਾਬ ਈਸਾਈਅਤ ਦੇ ਨਾਲ ਨਾਲ ISI ਅਤੇ NRI ਇਸ਼ਾਰਿਆਂ ਤੇ ਚੱਲਦੇ ਖ਼ਾਲਿਸਤਾਨ ਦੀਆਂ ਸਾਜਿਸ਼ਾਂ ਦਾ ਸ਼ਿਕਾਰ ਹੋ ਰਿਹੈ

ਮਹਾਰਾਸ਼ਟਰ ਅਤੇ ਤਾਮਿਲਨਾਡੂ ਵਿੱਚ ਹਿੰਦੀ ਭਾਸ਼ੀਆਂ ਵਿੱਚ ਘੁਲਦਾ ਜ਼ਹਿਰ

ਹੁਣੇ -2 ਮਨੀਪੁਰ ਦੀਆਂ ਘਟਨਾਵਾਂ 'ਤੇ ਹੋ ਹੱਲਾ ਸਿਰਫ਼ ਹਿੰਦੂ ਸਮਾਜ ਨੂੰ ਬਦਨਾਮ ਕਰਨ ਲਈ ਹੈ, ਨਹੀਂ ਤਾਂ ਵੇਖਿਆ ਜਾਵੇ ਤਾਂ ਅਸਲ ਇਸਦਾ ਅਸਲੀ ਪੀੜਿਤ ਹਿੰਦੂ ਸਮਾਜ ਹੀ ਹੈ, ਜੋ 1947 ਤੋਂ ਹੀ ਭਾਰਤ ਸਰਕਾਰ ਅਣਦੇਖੀ ਅਤੇ ਚਰਚ ਲਈ ਸਰਕਾਰ ਦਾ ਤੁਸ਼ਟੀਕਰਨ ਝੱਲ ਰਿਹਾ ਹੈ | ਪਰ ਅੱਜ ਤੱਕ ਚਰਚਾ ਨਹੀਂ ਹੋਈ

ਇਹ ਸਭ ਭਾਰਤ ਦੀ ਅਖੰਡਤਾ ਵਿਰੁੱਧ ਬਹੁਤ ਮਿੱਥੀ ਸਾਜਿਸ਼ ਅਨੁਸਾਰ ਹੋ ਰਿਹਾ ਹੈ (ਟੂਲਕਿੱਟ)

**<u>*ਆਵਾਹਣ (5 ਮਿੰਟ )*</u>**

ਇਹ ਸਭ ਸਾਜ਼ਿਸ਼ਾਂ ਆਮ ਸਮਾਜ ਲਈ ਆਮ ਗੱਲ (ਏਵੇਰੀਡੇ ਬਿਜ਼ਨਸ – Everyday Business) ਹੋ ਸਕਦੀਆਂ ਹਨ ਪਰ ਸ੍ਵਯਮਸੇਵਕਾਂ ਲਈ ਨਹੀਂ | ਅਸੀਂ ਜੰਗਲਾਂ ਅਤੇ ਪਹਾੜਾਂ ਵਿੱਚ ਸ਼ਾਇਦ ਨਾ ਜਾ ਸਕੀਏ ਪਰ ਸਾਡੇ ਜੀਵਨ ਦੇ ਕੁਝ ਬਦਲਾਵ ਯਕੀਨਨ ਫਰਕ ਲਿਆ ਸਕਦੇ ਹਨ

* ਕਲਚਰਲ ਮਾਰਕਸਿਜ਼ਮ- Cultural Marxism : (ਆਪਣੀਆਂ ਪ੍ਰੰਪਰਾਵਾਂ ਦੇ ਪ੍ਰਤਿ ਹੀਨਭਾਵ) ਤੋਂ ਬਚਣਾ ਅਤੇ ਬਚਾਉਣਾ -

* ਸੋਸ਼ਲ ਮੀਡੀਆ ਅਤੇ ਮਨੋਰੰਜਨ ਖੇਤਰ ਦੇ ਨੈਰੇਟਿਵ ਵਿੱਚ ਵਿਚਾਰ ਧਾਰਾ ਤੇ ਪੱਕੇ ਰਹਿਣਾ

* ਖੇਤਰਵਾਦ ਤੇ ਪੰਥ ਤੋਂ ਬਚਕੇ ਸਮਸਤ ਸਮਾਜ ਵਿੱਚ ਬੰਧੁਭਾਵ ਪੈਦਾ ਕਰਨਾ

* ਧਾਰਮਿਕ ਕਾਰਜਾਂ ਤੋਂ ਇਲਾਵਾ ਸਵਧਰਮ ਬੰਧੁਆਂ ਦੇ ਉੱਥਾਨ ਵਿੱਚ ਧਨ ਲਗਾਉਣਾ

* ਕਮਿਊਨਿਸਟ ਅਤੇ ਕਾਨਵੈਂਟ ਸਿੱਖਿਆ ਤੋਂ ਨਵੀਂ ਪੀੜੀ ਨੂੰ ਬਚਾਉਣਾ

* ਸਵਧਰਮ ਬੰਧੁਆਂ ਨਾਲ ਵਿਉਪਾਰ ਅਤੇ ਆਰਥਿਕ ਸੰਬੰਧ ਰੱਖਣਾ

* ਸਨਾਤਨ ਪੱਖ ਲਈ ਜਾਗਰੂਕ ਰਹਿਣਾ (ਕਦੋਂ ਵਿਰੋਧ ਅਤੇ ਕਦੋਂ ਸਮਰਥਨ)

**"ਸੰਘ ਕਾਰਯਾ - ਈਸ਼ਵਰੀ ਕਾਰਯਾ" ਅਤੇ "ਸੰਘ ਸ਼ਕਤੀ ਕਾਲਯੁਗੇ"** ਦੇ ਮਹਾਮੰਤਰ ਨੂੰ ਯਾਦ ਰੱਖਦੇ ਹੋਏ , ਆਪਣੇ ਆਪ ਨੂੰ ਸਧਾਰਣ ਸਮਰਪਿਤ ਕਾਰਜਕਰਤਾ ਬਣਾ ਕੇ ਵੱਧ ਤੋਂ ਵੱਧ ਸਮਾਂ ਸਮਰਪਣ ਕਰਦੇ ਹਿੰਦੂ ਸਮਾਜ ਦੇ ਸਰਵਾਂਗੀਨ ਅਤੇ ਸਰਬਪੱਖੀ ਉੱਥਾਨ ਲਈ ਯੁੱਧ ਪੱਧਰ ਤੇ ਡੱਟ ਜਾਈਏ | ਛੋਟੀਆਂ -2 ਰਾਜਨੀਤੀਆ ਅਤੇ ਸਵਾਰਥਾਂ ਨੂੰ ਤਿਲਾਂਜਲੀ ਦੇ ਕੇ ਭਾਰਤ ਮਾਤਾ ਦੇ ਪਰਮ ਵੈਭਵ ਦੀ ਗੁਰੂ ਦਕ੍ਸ਼ਿਣਾ ਭਗਵਾ ਧਵਜ ਦੇ ਚਰਨਾਂ ਵਿੱਚ ਅਰਪਣ ਕਰੀਏ

****ਭਾਰਤ ਮਾਤਾ ਦੀ ਜੈ****